# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

ਤਰੀਕ: ੧ ਸਤੰਬਰ, ੨੦੨੫

**ਵਿਸ਼ਾ: ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗਲਤੀਆਂ ਨਾਲ ਭਰਪੂਰ 'ਮਹਾਨ ਕੋਸ਼' ਦੀਆਂ ਕਾਪੀਆਂ ਛਾਪਣਾ ਅਤੇ ਉਹਨਾਂ ਦੇ ਨਸ਼ਟ ਕਰਨ ਦੇ ਵਿਰੋਧ ਵਿਚ ਖੜਨਾ— ਦੋਵੇਂ ਸਿੱਖੀ ਲਈ ਨੁਕਸਾਨਦਾਇਕ**

ਪਿਆਰੀ ਸਿੱਖ ਸੰਗਤ ਜੀ,

ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਮਹਾਨ ਕੋਸ਼ (1930) ਇਕ ਅਨਮੋਲ ਰਚਨਾ ਹੈ, ਜੋ ਭਾਸ਼ਾ ਵਿਭਾਗ ਵੱਲੋਂ ਛਪਦਾ ਰਿਹਾ ਹੈ। ਇਸ ਦਾ ਪੰਜਾਬੀ ਯੂਨੀਵਰਸਿਟੀ ਨੇ ਆਪਣੀ ਬੇ-ਲੋੜੀ ਮੁਕਾਬਲੇਬਾਜ਼ੀ ਕਾਰਨ ਗਲਤੀਆਂ ਨਾਲ ਭਰਪੂਰ ਨਵਾਂ ਸੰਸਕਰਣ ਛਾਪਿਆ, ਜਿਸ ਦਾ ਪੜ੍ਹਨਾ ਸਿੱਖ ਵਿਦਿਆਰਥੀਆਂ ਅਤੇ ਸੰਗਤ ਲਈ ਗੰਭੀਰ ਭਰਮ ਪੈਦਾ ਕਰ ਸਕਦਾ ਸੀ।

2016 ਤੋਂ ਲੈ ਕੇ ਹਾਈ ਕੋਰਟ ਦੇ ਹੁਕਮ (14.3.2018) ਤੱਕ ਅਤੇ ਫਿਰ ਵਿਸ਼ੇਸ਼ ਜਾਂਚ ਕਮੇਟੀ (20.9.2020) ਦੀ ਰਿਪੋਰਟ ਤੱਕ ਇਹ ਸਪੱਸ਼ਟ ਸੀ ਕਿ ੩੦,੦੦੦ ਤੋਂ ਵੱਧ ਗਲਤੀਆਂ ਵਾਲਾ ਸੰਸਕਰਣ ਨਾ ਤਾਂ ਸੋਧਿਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਐਪੈਂਡਿਕਸ ਰਾਹੀਂ ਠੀਕ ਕੀਤਾ ਜਾ ਸਕਦਾ ਹੈ। ਪਿਛਲੇ ਸੱਤ ਸਾਲਾਂ ਤੋਂ ਯੂਨੀਵਰਸਿਟੀ ਵੱਲੋਂ ਇਹਨਾਂ ਕਾਪੀਆਂ ਨੂੰ ਨਸ਼ਟ ਕਰਨ ਵਿੱਚ ਦੇਰੀ ਕੀਤੀ ਜਾ ਰਹੀ ਸੀ।

ਸਾਡੀ ਇਹ ਤ੍ਰਾਸਦੀ ਰਹੀ ਹੈ ਕਿ ਪਿਛਲੇ ਸੱਤ ਸਾਲਾਂ ਵਿੱਚ ਕੋਈ ਵੀ ਵੱਡੀ ਸਿੱਖ ਸੰਸਥਾ ਜਾਂ ਵਿਦਿਆਰਥੀ ਜਥੇਬੰਦੀ ਨੇ ਯੂਨੀਵਰਸਿਟੀ ਖਿਲਾਫ਼ ਕੋਈ ਵਿਰੋਧ ਜ਼ਾਹਰ ਨਾ ਕੀਤਾ। ਹੁਣ ਜਦੋਂ ਲਗਾਤਾਰ ਜਤਨਾਂ ਤੋਂ ਬਾਅਦ 5 ਅਗਸਤ, 2025 ਨੂੰ ਇਹ ਆਖਰੀ ਫ਼ੈਸਲਾ ਹੋਇਆ ਕਿ ਇਸ ਦੀਆਂ ਗਲਤੀਆਂ ਨਾਲ ਭਰਪੂਰ ਕਾਪੀਆਂ ਤੁਰੰਤ ਨਸ਼ਟ ਕੀਤੀਆਂ ਜਾਣ ਤਾਂ ਇਹੀ ਸੰਸਥਾਵਾਂ ਅਤੇ ਵਿਦਿਆਰਥੀ ਜਥੇਬੰਦੀਆਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਬਹਾਨੇ ਸਾਹਮਣੇ ਆ ਗਈਆਂ ਹਨ। ਸੁਹਿਰਦਤਾ ਇਸ ਵਿਚ ਹੈ ਕਿ ਉਹ ਇਕ ਖੁੱਲ੍ਹੀ ਪੜਤਾਲ ਦੀ ਮੰਗ ਕਰਨ, ਤਾਂ ਜੋ ਇਹ ਪਤਾ ਲੱਗੇ ਕਿ ਇਹ ਗਲਤੀਆਂ ਕਿਸਨੇ ਕੀਤੀਆਂ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ। ਅਫਸੋਸ ਹੈ ਕਿ ਦੋਸ਼ੀਆਂ ਖ਼ਿਲਾਫ਼ ਅਵਾਜ਼ ਬੁਲੰਦ ਕਰਨ ਦੀ ਬਜਾਇ ਇਹ ਸਿੱਖੀ ਲਈ ਘਾਤਕ ਕਿਤਾਬਾਂ ਨੂੰ ਨਸ਼ਟ ਕਰਨ ਦੇ ਫ਼ੈਸਲੇ ਦਾ ਹੀ ਵਿਰੋਧ ਕਰ ਰਹੀਆਂ ਹਨ। ਇਸ ਨਾਲ ਉਹਨਾਂ ਦੀ ਨੀਅਤ ਅਤੇ ਸੂਝ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ।

ਇੱਥੇ ਇਹ ਵੀ ਜਾਨਣਾ ਜ਼ਰੂਰੀ ਹੈ ਕਿ 'ਮਹਾਨ ਕੋਸ਼' ਪੰਜਾਬੀ ਭਾਸ਼ਾ ਦਾ ਕੋਸ਼ (ਡਿਕਸ਼ਨਰੀ) ਹੈ, ਧਾਰਮਿਕ ਗ੍ਰੰਥ ਨਹੀਂ। ਇਸ ਦੀਆਂ ਕਾਪੀਆਂ ਨੂੰ ਗੋਇੰਦਵਾਲ ਲਿਜਾਕੇ ਅਗਨ ਭੇਟ ਕਰਨਾ ਮਨਮਤ ਹੈ ਅਤੇ ਇਹ ਕੰਮ ਗਲਤ ਪਿਰਤ ਸਥਾਪਤ ਕਰੇਗਾ। ਗੋਇੰਦਵਾਲ ਵਿਖੇ ਐਸਾ ਕੋਈ ਪਾਰਦਰਸ਼ੀ ਵਿਧਾਨ ਵੀ ਨਹੀਂ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੀਆਂ ਕਾਪੀਆਂ ਨਸ਼ਟ ਹੋ ਗਈਆਂ ਹਨ।

'ਸਰਬੱਤ ਖਾਲਸਾ ਜਥੇਬੰਦੀ' ਪੰਥਕ ਤਾਲਮੇਲ ਕਮੇਟੀ, ਲੋਕ ਭਲਾਈ ਇਨਸਾਫ਼ ਵੈਲਫੇਅਰ ਸੋਸਾਇਟੀ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਵਿਦਵਾਨਾਂ ਦੀ ਭਰਪੂਰ ਸ਼ਲਾਘਾ ਕਰਦੀ ਹੈ, ਜਿਹਨਾਂ ਨੇ ਇਸ ਮਸਲੇ 'ਤੇ ਸ਼ੁਰੂ ਤੋਂ ਯੂਨੀਵਰਸਿਟੀ ਅਧਿਕਾਰੀਆਂ ਤੇ ਦਬਾਅ ਬਣਾਈ ਰੱਖਿਆ। 'ਸਰਬੱਤ ਖਾਲਸਾ ਜਥੇਬੰਦੀ' ਸ: ਕੁਲਤਾਰ ਸਿੰਘ ਸੰਧਵਾਂ (ਸਪੀਕਰ, ਪੰਜਾਬ ਵਿਧਾਨ ਸਭਾ) ਦੀ ਵੀ ਭਰਪੂਰ ਸ਼ਲਾਘਾ ਕਰਦੀ ਹੈ, ਜਿਹਨਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਬਾਰ-ਬਾਰ ਮੀਟਿੰਗਾਂ ਕਰਕੇ ਸਰਗਰਮ ਭੂਮਿਕਾ ਨਿਭਾਈ ਹੈ।

ਸਰਬੱਤ ਖਾਲਸਾ ਜਥੇਬੰਦੀ ਮੰਗ ਕਰਦੀ ਹੈ ਕਿ ਹਾਈਕੋਰਟ ਦੀ ਨਿਗਰਾਨੀ ਹੇਠ ਇਕ ਅਜ਼ਾਦ ਨਿਆਂਇਕ ਜਾਂਚ ਹੋਵੇ ਜੋ ਗਲਤੀਆਂ ਕਰਨ ਵਾਲੇ ਚਿਹਰਿਆਂ ਨੂੰ ਬੇਨਕਾਬ ਕਰੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਹੋਣ। ਇਸ ਛਪਾਈ ਨੇ ਨਾ ਸਿਰਫ਼ ਲੋਕਾਂ ਦੇ ਪੈਸੇ ਦੀ ਬਰਬਾਦੀ ਕੀਤੀ ਹੈ ਬਲਕਿ ਇਹ ਸਿੱਖ ਸਰੋਤਾਂ ਵਿਚ ਲਗਾਤਾਰ ਹੁੰਦੀ ਛੇੜ-ਛਾੜ ਦੀ ਸਾਜਸ਼ ਦੀ ਵੀ ਕੜੀ ਹੈ। ਪੰਜਾਬੀ ਯੂਨੀਵਰਸਿਟੀ ਤੋਂ ਵੀ ਮੰਗ ਕੀਤੀ ਜਾਂਦੀ ਹੈ ਉਹ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਛੱਪ ਚੁੱਕੀਆਂ ਗਲਤ ਕਾਪੀਆਂ ਦਾ ਪੂਰਾ ਹਿਸਾਬ ਦੇ ਕੇ ਪਾਰਦਰਸ਼ੀ ਢੰਗ ਨਾਲ ਤੁਰੰਤ ਨਸ਼ਟ ਕਰੇ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।

**ਕਾਪੀ:**
ਵੀ.ਸੀ., ਪੰਜਾਬੀ ਯੂਨੀਵਰਸਿਟੀ ਪਟਿਆਲਾ।
ਸਪੀਕਰ, ਪੰਜਾਬ ਵਿਧਾਨ ਸਭਾ।
ਪ੍ਰਧਾਨ, ਐਸ.ਜੀ.ਪੀ.ਸੀ., ਅੰਮ੍ਰਿਤਸਰ।